ਮੇਰੇ ਵਿਅਕਤੀਗਤ ਪ੍ਰਦਾਤਾਵਾਂ ਦੇ ਰੁਜ਼ਗਾਰਦਾਤਾ ਦੇ ਰੂਪ ਵਿੱਚ ਮੇਰੀਆਂ ਜ਼ਿੰਮੇਵਾਰੀਆਂ ਦੀ ਸਵੀਕ੍ਰਿਤੀ

Acknowledgement of My Responsibilities As The Employer of My Individual Providers

ਜਦੋਂ ਮੈਂ ਕਿਸੇ ਵਿਅਕਤੀਗਤ ਪ੍ਰਦਾਤਾ (Individual Provider - IP) ਤੋਂ ਸੇਵਾਵਾਂ ਪ੍ਰਾਪਤ ਕਰਨ ਦੀ ਚੋਣ ਕਰਦਾ/ਦੀ ਹਾਂ ਜਿਸਦੇ ਲਈ ਭੁਗਤਾਨ ਡਿਪਾਰਟਮੈਂਟ ਆਫ਼ ਸੋਸ਼ਲ ਐਂਡ ਹੈਲਥ ਸਰਵਿਸਿਜ਼ (DSHS) ਦੇ ਦੁਆਰਾ ਕੀਤਾ ਜਾਂਦਾ ਹੈ ਤਾਂ IP ਦੇ ਰੁਜ਼ਗਾਰਦਾਤਾ ਦੇ ਰੂਪ ਵਿੱਚ ਮੇਰੀਆਂ ਹੇਠਾਂ ਦਿੱਤੀਆਂ ਜ਼ਿੰਮੇਵਾਰੀਆਂ ਹਨ:

- ਯੋਗ IP ਦੀ ਜਾਂਚ ਕਰਨੀ ਅਤੇ ਉਸ ਨੂੰ ਕੰਮ ਤੇ ਰੱਖਣਾ।
- ਆਪਣੇ IP ਦੇ ਰੋਜ਼ਾਨਾ ਕੰਮ ਅਤੇ ਗਤੀਵਿਧੀਆਂ ਦੀ ਨਿਗਰਾਨੀ ਕਰਨੀ। ਹਾਲਾਂਕਿ ਮੇਰੇ IP ਦਾ DSHS ਦੇ ਨਾਲ ਇਕਰਾਰਨਾਮਾ ਹੈ, DSHS ਮੇਰੇ IP ਦੇ ਰੋਜ਼ਾਨਾ ਕੰਮ ਅਤੇ ਗਤੀਵਿਧੀਆਂ ਦੀ ਨਿਗਰਾਨੀ ਨਹੀਂ ਕਰ ਸਕਦਾ ਹੈ।
- ਮੇਰੀ ਨਿਜੀ ਦੇਖਭਾਲ ਲਈ ਹੱਥਾਂ ਨਾਲ ਕੰਮ ਕਰਨ ਵੇਲੇ IP ਦੀ ਵਰਤੋਂ ਲਈ ਸੁਰੱਖਿਆ ਦਸਤਾਨੇ ਮੁਹੱਈਆ ਕਰਨੇ।
  - ਆਪਣੇ ਐਪਲ ਹੈਲਥ (ਮੈਡੀਕਾਰਡ) ਬੈਨਿਫਿਟ ਤੋਂ ਤੁਸੀਂ ਹਰ ਮਹੀਨੇ 200 ਦਸਤਾਨੇ ਲੈਣ ਦੇ ਹੱਕਦਾਰ ਹੋ। ਜੈ ਡਾਕਟਰੀ ਤੌਰ ਤੇ ਜ਼ਰੂਰੀ ਹੋਵੇ ਤਾਂ ਤੁਹਾਨੂੰ ਮਹੀਨੇ ਵਿਚ 200 ਤੋਂ ਵੀ ਵੱਧ ਦਸਤਾਨੇ ਮਿਲ ਸਕਦੇ ਹਨ।
    - ਜੇ ਤੁਸੀਂ ਹੇਠਲੀਆਂ ਵਿਚੋਂ ਕਿਸੇ ਸਿਹਤ ਯੋਜਨਾ ਲਈ ਐਪਲ ਸਿਹਤ (ਮੈਡੀਕੇਡ) ਪ੍ਰਬੰਧਤ ਦੇਖਭਾਲ ਦੇ ਕਲਾਇੰਟ ਹੋ ਤਾਂ ਦਸਤਾਨਿਆਂ ਦੇ ਆਰਡਰ ਦੇਣ ਲਈ ਆਪਣੀ ਸਿਹਤ ਯੋਜਨਾ ਨਾਲ ਸੰਪਰਕ ਕਰੋ: ਅਮੈਰੀਗਰੁਪ, ਕਮਿਊਨਿਟੀ ਹੈਲਥ ਪਲਾਨ ਆਫ ਵਾਸ਼ਿੰਗਟਨ, ਕੈਆਰਡੀਨੇਟਿਡ ਕੇਅਰ ਕਾਰਪੋਰੇਸ਼ਨ, ਮੋਲੀਨਾ ਹੈਲਥਕੇਅਰ ਆਫ ਵਾਸ਼ਿੰਗਟਨ ਇੰਕਾਰਪੋਰੇਟਿਡ, ਅਤੇ ਯਨਾਇਟਿਡ ਹੈਲਥਕੇਅਰ ਕਮਿਊਨਿਟੀ ਪਲਾਨ। ਤੁਹਾਡੀ ਸਿਹਤ ਯੋਜਨਾ ਦੇ ਸੰਪਰਕ ਵੇਰਵੇ ਲਈ ਪਰਚਾ "ਤੁਹਾਡੇ ਨਿਜੀ ਦੇਖਭਾਲ ਕਰਤਾ ਲਈ ਗੈਰ-ਸਟੀਰਾਇਲ ਦਸਤਾਨੇ ਕਿਵੇਂ ਪ੍ਰਾਪਤ ਕਰੀਏ" ਦੇਖੋ।
    - ਜੇ ਤੁਸੀਂ ਐਪਲ ਸਿਹਤ (ਮੈਡੀਕੇਡ) ਦੇ ਗੈਰ-ਪ੍ਰਬੰਧਤ ਕਲਾਇੰਟ ਹੋ ਤਾਂ ਹੈਲਥ ਕੇਅਰ ਅਥਾਰਟੀ ਦੀ ਵੈਬਸਾਈਟ http://www.hca.wa.gov/medicaid/dme/Documents/ffs_providers_non_sterile_gloves.pdf ਤੇ ਦਿੱਤੀ ਸੂਚੀ ਵਿਚੋਂ ਕਿਸੇ DME (ਲੰਮੇ ਅਰਸੇ ਚਲਣ ਵਾਲਾ ਮੈਡੀਕਲ ਸਾਜ਼ ਸਾਮਾਨ) ਦੇ ਸਪਲਾਇਰ ਨੂੰ ਫੋਨ ਕਰੋ, **ਜਾਂ** ਆਪਣੇ ਪ੍ਰਾਇਮਰੀ ਦੇਖਭਾਲ ਡਾਕਟਰ ਨੂੰ ਫੋਨ ਕਰੋ, **ਜਾਂ** ਮੈਡੀਕਲ ਸਰਵਿਸ ਸੈਂਟਰ ਨੂੰ 1-800-562-3022 ਨੰਬਰ ਤੇ ਫੋਨ ਕਰੋ। ਇਹ ਨੰਬਰ ਤੁਹਾਡੇ ਨੀਲੇ ਰੰਗ ਦੇ ਮੈਡੀਕਲ ਸਰਵਿਸ ਕਾਰਡ ਦੇ ਪਿਛਲੇ ਪਾਸੇ ਵੀ ਲਿਖਿਆ ਹੋਇਆ ਹੈ। ਦਸਤਾਨੇ ਪ੍ਰਾਪਤ ਕਰਨ ਬਾਰੇ ਹੋਰ ਜਾਣਕਾਰੀ ਲੈਣ ਲਈ ਹੈਲਥ ਕੇਅਰ ਅਥਾਰਟੀ ਦੀ ਵੈਬਸਾਈਟ http://www.hca.wa.gov/medicaid/dme/Pages/default.aspx ਤੇ ਜਾਉ।
- ਹੇਠਾਂ ਦਿੱਤੇ ਦੇ ਦੁਆਰਾ ਮੇਰੇ IP ਦੀ ਯੂਨਾਈਟਿਡ ਸਟੇਟਸ ਵਿੱਚ ਕੰਮ ਕਰਨ ਦੀ ਯੋਗਤਾ ਬਾਰੇ ਜਾਣਕਾਰੀ ਪ੍ਰਾਪਤ ਕਰਨੀ:
  - I-9 ਫਾਰਮ ਲੈਣਾ ਅਤੇ ਇਸ ਨੂੰ ਆਪਣੇ ਰਿਕਾਰਡ ਵਿੱਚ ਰੱਖਣਾ।
    - ਹੋਰ ਜਾਣਕਾਰੀ ਲਈ, ਹੋਮਲੈਂਡ ਸਿਕਉਰਿਟੀ USCIS I-9 ਦੀ ਵੈਬ ਸਾਈਟ ਜਾਂ 1-888-464-4218 ਤੇ ਕਾਲ ਕਰਕੇ ਸੰਪਰਕ ਕਰੋ।
- ਹਰ ਮਹੀਨੇ ਆਪਣੇ IP ਦੀਆਂ ਸਮਾਂ-ਸ਼ੀਟਾਂ ਤੇ ਦਸਤਖਤ ਕਰਕੇ ਉਸ ਸਮੇਂ ਦੀ ਪੁਸ਼ਟੀ ਕਰਨੀ ਜਿਨ੍ਹਾਂ ਦਾ ਮੇਰੇ IP ਦੁਆਰਾ DSHS ਨੂੰ ਬਿਲ ਦਿੱਤਾ ਜਾ ਰਿਹਾ ਹੈ। ਮੇਰਾ IP ਮੈਨੂੰ ਸਮਾਂ-ਸ਼ੀਟਾਂ ਦੀਆਂ ਕਾਪੀਆਂ ਦੇਣ ਲਈ ਜ਼ਿੰਮੇਵਾਰ ਹੈ ਅਤੇ ਮੇਰਾ ਕੇਸ ਮੈਨੇਜਰ ਇਹਨਾਂ ਸਮਾਂ-ਸ਼ੀਟਾਂ ਦੇ ਨਮੂਨੇ ਦੇਖਣ ਲਈ ਕਹਿ ਸਕਦਾ ਹੈ।
- ਲੋੜ ਅਨੁਸਾਰ ਮੇਰੇ IP ਦੀਆਂ ਸੇਵਾਵਾਂ ਨੂੰ ਸਮਾਪਤ ਕਰਨਾ ਅਤੇ ਕੋਈ ਵੱਖਰਾ ਪ੍ਰਦਾਤਾ ਚੁਣਨਾ।
- ਕੰਮ ਦੀਆਂ ਸਮਾਂ-ਸਾਰਣੀਆਂ ਦਾ ਪ੍ਰਬੰਧ ਕਰਨਾ, ਲੋੜ ਅਨੁਸਾਰ ਬੈਕ-ਅਪ IP ਲੱਭਣਾ ਅਤੇ ਅਸਤੀਫ਼ਾ ਦੇਣ ਵਾਲੇ IP ਨੂੰ ਬਦਲਣਾ।
- ਮੇਰੇਰੀ ਨਿੱਜੀ ਦੇਖਭਾਲ ਵਿੱਚ ਭਾਗੀਦਾਰੀ ਦੇ ਭੁਗਤਾਨਾਂ ਨੂੰ ਰਾਜ ਅਤੇ ਸੰਘੀ ਟੈਕਸ ਏਜੰਸੀਆਂ ਨੂੰ ਰਿਪੋਰਟ ਕਰਨੀ ਜੇ ਮੈਂ:
  - ਆਪਣੀਆਂ ਸੇਵਾਵਾਂ ਹੋਮ ਐਂਡ ਕਮਿਉਨਿਟੀ ਸਰਵਿਸਿਜ਼ ਜਾਂ ਮੇਰੀ ਸਥਾਨਕ ਏਰੀਆ ਏਜੰਸੀ ਆਨ ਏਜਿੰਗ (AAA) ਦੇ ਰਾਹੀਂ ਪ੍ਰਾਪਤ ਕਰਦਾ/ਦੀ ਹਾਂ, ਅਤੇ
  - ਕੋਈ IP ਨਿਯੁਕਤ ਕਰਦਾ/ਦੀ ਹਾਂ, ਅਤੇ
  - ਮੇਰੀਆਂ ਨਿੱਜੀ ਦੇਖਭਾਲ ਸੇਵਾਵਾਂ ਲਈ ਭਾਗੀਦਾਰੀ ਦਾ ਭੁਗਤਾਨ ਕਰਦਾ/ਦੀ ਹਾਂ।
    - ਟੈਕਸ ਸਬੰਧੀ ਜਾਣਕਾਰੀ ਲਈ, ਇੰਟਰਨਲ ਰੇਵੇਨਿਊ ਸਰਵਿਸ ਨੂੰ 1-800-829-1040 ਤੇ ਜਾਂ ਵਾਸ਼ਿੰਗਟਨ ਸਟੇਟ ਡਿਪਾਰਟਮੈਂਟ ਆਫ ਇੰਪਲੋਇਮੈਂਟ ਸਿਕਉਰਿਟੀ ਨੂੰ 1-888-836-1900 ਤੇ ਕਾਲ ਕਰੋ।

- ਆਪਣੇ DSHS ਕੇਸ ਮੈਨੇਜਰ ਨਾਲ ਸੰਪਰਕ ਕਰਨਾ ਜੇ
  - ਮੇਰੀ ਵਿਅਕਤੀਗਤ ਸੇਵਾ ਯੋਜਨਾ ਬਾਰੇ ਜਾਂ ਮੇਰੇ IP ਤੋਂ ਮੈਨੂੰ ਪ੍ਰਾਪਤ ਹੋ ਰਹੀ ਸੇਵਾ ਬਾਰੇ ਮੇਰੀਆਂ ਕੋਈ ਵੀ ਚਿੰਤਾਵਾਂ ਹਨ।
  - ਮੈਨੂੰ ਉਹ ਸੇਵਾਵਾਂ ਪ੍ਰਾਪਤ ਨਹੀਂ ਹੋ ਰਹੀਆਂ ਹਨ ਜਿਨ੍ਹਾਂ ਲਈ ਮੇਰਾ IP ਬਿਲ ਦੇ ਰਿਹਾ ਹੈ।
  - ਮੈਨੂੰ ਮੇਰੀ ਸੇਵਾ ਯੋਜਨਾ ਵਿੱਚ ਅਧਿਕਾਰਤ ਕੀਤੀਆਂ ਗਈਆਂ ਸੇਵਾਵਾਂ ਪ੍ਰਾਪਤ ਨਹੀਂ ਹੋ ਰਹੀਆਂ ਹਨ।
  - ਮੈਂ ਪ੍ਰਦਾਤਾ ਬਦਲਣ ਜਾਂ ਜੋੜਨ ਦੀ ਚੋਣ ਕੀਤੀ ਹੈ।

DSHS ਮੇਰੇ IP ਲਈ ਆਮਦਨ ਟੈਕਸ ਕੱਟਣ ਜਾਂ ਭੁਗਤਾਨ ਕਰਨ ਦੇ ਲਈ ਜ਼ਿੰਮੇਵਾਰ ਨਹੀਂ ਹੈ ਜਦ ਤਕ ਕਿ ਮੇਰੇ IP ਦੁਆਰਾ ਅਜਿਹਾ ਕਰਨ ਦਾ ਨਿਰਦੇਸ਼ ਨਹੀਂ ਦਿੱਤਾ ਜਾਂਦਾ ਹੈ। ਭੁਗਤਾਨ ਦੇ ਸਰੋਤ ਦੇ ਰੂਪ ਵਿੱਚ, DSHS, ਸੋਸ਼ਲ ਸਿਕਉਰਿਟੀ ਅਤੇ ਮੈਡੀਕੇਅਰ ਟੈਕਸ (FICA) ਕੱਟਣ ਅਤੇ ਭੁਗਤਾਨ ਕਰਨ ਅਤੇ ਸੰਘੀ ਅਤੇ ਰਾਜ ਦੇ ਬੇਰੁਜ਼ਗਾਰੀ ਟੈਕਸਾਂ (FUTA/SUTA) ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੈ ਜਦ ਤਕ ਕਿ IP ਮੇਰੇ ਮਾਤਾ/ਪਿਤਾ ਜਾਂ 18 ਤੋਂ 21 ਸਾਲ ਦੀ ਉਮਰ ਦੇ ਵਿਚਕਾਰ ਦਾ ਬੱਚਾ ਨਹੀਂ ਹੈ।

ਜੇ DSHS ਮੇਰੇ IP ਦੇ ਨਾਲ ਇਕਰਾਰਨਾਮਾ ਸਮਾਪਤ ਕਰ ਦਿੰਦਾ ਹੈ ਤਾਂ ਮੈਨੂੰ ਐਡਮਿਨਿਸਟ੍ਰੇਟਿਵ ਹਿਅਰਿੰਗ (ਪ੍ਰਬੰਧਕੀ ਸੁਣਵਾਈ) ਦਾ ਹੱਕ ਹੈ।

ਮੈਂ ਪਹਿਲਾਂ ਤੋਂ ਜਾਂਚ ਕੀਤਾ, ਪਹਿਲਾਂ ਤੋਂ ਯੋਗ IP ਲੱਭਣ ਅਤੇ ਵਿਅਕਤੀਗਤ ਪ੍ਰਦਾਤਾ ਨੂੰ ਕੰਮ ਤੇ ਰੱਖਣ ਵਿੱਚ ਸਹਾਇਤਾ ਲਈ ਹੋਮ ਕੇਅਰ ਰੈਫਰਲ ਰਜਿਸਟਰੀ (HCRR) ਦੀਆਂ ਸੇਵਾਵਾਂ ਵਰਤ ਸਕਦਾ/ਦੀ ਹਾਂ। ਇਹ ਸੇਵਾ ਰਾਜ ਦੇ ਜ਼ਿਆਦਾਤਰ ਖੇਤਰਾਂ ਵਿੱਚ ਉਪਲਬਧ ਹੈ। ਮੈਂ HCRR ਨਾਲ ਟੈਲੀਫ਼ੋਨ ਦੁਆਰਾ 1-800-970-5456 ਤੇ ਸੰਪਰਕ ਕਰ ਸਕਦਾ/ਦੀ ਹਾਂ ਜਾਂ ਮੈਂ ਉਹਨਾਂ ਤਕ ਇਸ ਵੈਬਸਾਈਟ ਤੇ ਪਹੁੰਚ ਸਕਦਾ/ਦੀ ਹਾਂ: http://www.hcrr.wa.gov/.

ਮੇਰੇ ਪ੍ਰਦਾਤਾ ਲਈ ਵਾਸ਼ਿੰਗਟਨ ਸਟੇਟ ਪੈਟਰੋਲ ਪਿਛੋਕੜ ਜਾਂਚ ਅਤੇ ਉਂਗਲਾਂ ਦੇ ਨਿਸ਼ਾਨ ਤੇ ਅਧਾਰਤ ਪਿਛੋਕੜ ਜਾਂਚ, ਦੋਵੇਂ ਪਾਸ ਕਰਨੀਆਂ ਜ਼ਰੂਰੀ ਹਨ।

ਆਪਣੇ ਵਿਅਕਤੀਗਤ ਪ੍ਰਦਾਤਾ ਦੇ ਰੁਜ਼ਗਾਰਦਾਤਾ ਦੇ ਰੂਪ ਵਿੱਚ ਮੇਰੇ ਕੋਲ ਦੋ ਚੋਣਾਂ ਹਨ:

1) **ਸ਼ੁਰੂਆਤੀ ਵਾਸ਼ਿੰਗਟਨ ਸਟੇਟ ਪਿਛੋਕੜ ਦੀ ਜਾਂਚ ਦੇ ਬਾਅਦ ਮੈਂ ਅਸਥਾਈ ਤੌਰ ਤੇ ਆਪਣਾ ਪ੍ਰਦਾਤਾ ਰੱਖ ਸਕਦਾ/ਦੀ ਹਾਂ।** ਸ਼ੁਰੂਆਤੀ ਰਾਜ ਸਮੀਖਿਆ ਜਾਂਚਾਂ (1) ਵਾਸ਼ਿੰਗਟਨ ਸਟੇਟ ਪੈਟਰੋਲ ਦੇ ਰਾਹੀਂ ਅਪਰਾਧਿਕ ਦੋਸ਼ਸਿੱਧੀ ਦੇ ਰਿਕਾਰਡ, (2) ਵਾਸ਼ਿੰਗਟਨ ਸਟੇਟ ਕੋਰਟ ਦੇ ਡਾਟਾਬੇਸ ਵਿੱਚ ਰਿਕਾਰਡ, ਤੇ (3) ਵਾਸ਼ਿੰਗਟਨ ਸਟੇਟ ਏਜੰਸੀਆਂ ਦੁਆਰਾ ਰੱਖੀਆਂ ਜਾਂਦੀਆਂ ਰਜਿਸਟਰੀਆਂ ਵਿੱਚ ਲੱਭਣਾ। ਜਿਸ ਦੌਰਾਨ ਮੈਂ ਰਾਸ਼ਟਰੀ ਉਂਗਲਾਂ ਦੇ ਨਿਸ਼ਾਨਾਂ ਤੇ ਅਧਾਰਤ ਪਿਛੋਕੜ ਜਾਂਚ ਦੇ ਨਤੀਜਿਆਂ ਦੀ ਉਡੀਕ ਕਰ ਰਿਹਾ/ਰਹੀ ਹੋਵਾਂ, ਮੈਂ ਆਪਣੇ IP ਨੂੰ 120 ਦਿਨਾਂ ਲਈ ਅਸਥਾਈ ਤੌਰ ਤੇ ਰੱਖ ਸਕਦਾ/ਦੀ ਹਾਂ।

(ਜਾਂ)

2) **ਇਸਦੀ ਬਜਾਏ ਮੈਂ ਆਪਣੇ ਪ੍ਰਦਾਤਾ ਨੂੰ ਕੰਮ ਤੇ ਰੱਖਣ ਤੋਂ ਪਹਿਲਾਂ ਰਾਸ਼ਟਰੀ ਉਂਗਲਾਂ ਦੇ ਨਿਸ਼ਾਨਾਂ ਤੇ ਅਧਾਰਤ ਪਿਛੋਕੜ ਜਾਂਚ ਪੂਰੀ ਹੋਣ ਦੀ ਉਡੀਕ ਕਰ ਸਕਦਾ/ਦੀ ਹਾਂ।** ਉਂਗਲਾਂ ਦੇ ਨਿਸ਼ਾਨਾਂ ਤੇ ਅਧਾਰਤ FBI ਜਾਂਚ ਵਿੱਚ ਦੂਜੇ ਰਾਜਾਂ ਵਿੱਚ ਅਪਰਾਧਿਕ ਰਿਕਾਰਡਾਂ ਦੀ ਜਾਂਚ ਸ਼ਾਮਲ ਹੁੰਦੀ ਹੈ।

ਇਸ ਤੋਂ ਪਹਿਲਾਂ ਕਿ ਮੈਂ ਕਿਸੇ ਵਿਅਕਤੀਗਤ ਪ੍ਰਦਾਤਾ ਨੂੰ ਕੰਮ ਤੇ ਰੱਖਾਂ, ਮੈਂ ਅਸਥਾਈ ਤੌਰ ਤੇ ਕੰਮ ਤੇ ਰੱਖਣ ਜਾਂ ਜਾਂਚ ਦੇ ਉਂਗਲਾਂ ਦੇ ਨਿਸ਼ਾਨਾਂ ਤੇ ਅਧਾਰਤ ਹਿੱਸੇ ਦੇ ਪੂਰੇ ਹੋਣ ਦੀ ਉਡੀਕ ਕਰਨ ਦੀ ਆਪਣੀ ਚੋਣ ਬਾਰੇ ਆਪਣੇ ਕੇਸ ਮੈਨੇਜਰ ਨੂੰ ਸੂਚਿਤ ਕਰਾਂਗਾ/ਗੀ। ਜੇ ਮੈਂ ਉਂਗਲਾਂ ਦੇ ਨਿਸ਼ਾਨਾਂ ਤੇ ਅਧਾਰਤ ਨਤੀਜਿਆਂ ਦੇ ਆਉਣ ਤੋਂ ਪਹਿਲਾਂ ਆਪਣੇ ਪ੍ਰਦਾਤਾ ਨੂੰ ਕੰਮ ਤੇ ਰੱਖ ਲੈਂਦਾ/ਦੀ ਹਾਂ ਅਤੇ ਉਂਗਲਾਂ ਦੇ ਨਿਸ਼ਾਨਾਂ ਤੇ ਅਧਾਰਤ ਨਤੀਜਿਆਂ ਦੇ ਅਧਾਰ ਤੇ ਮੇਰੇ ਪ੍ਰਦਾਤਾ ਨੂੰ ਅਯੋਗ ਪਾਇਆ ਜਾਂਦਾ ਹੈ, ਤਾਂ ਮੈਂ ਸਮਝਦਾ/ਦੀ ਹਾਂ ਕਿ ਮੇਰੇ ਪ੍ਰਦਾਤਾ ਦਾ ਇਕਰਾਨਾਮਾ ਰੱਦ ਕਰ ਦਿੱਤਾ ਜਾਵੇਗਾ ਅਤੇ ਕੋਈ ਹੋਰ ਭੁਗਤਾਨ ਨਹੀਂ ਕੀਤਾ ਜਾਵੇਗਾ।

ਗਾਹਕ / ਕਾਨੂੰਨੀ ਪ੍ਰਤੀਨਿਧ ਦੇ ਦਸਤਖਤ*	ਮਿਤੀ	ਗਾਹਕ ਦਾ ਆਈ.ਡੀ. ਨੰਬਰ

ਗਾਹਕ / ਕਾਨੂੰਨੀ ਪ੍ਰਤੀਨਿਧ ਦਾ ਸਾਫ਼ ਅੱਖਰਾਂ ਵਿੱਚ ਨਾਮ